# ਪ੍ਰਮੁਖ ਖੋਜ ਸੰਸਥਾ ਆਈ ਆਈ ਡਬਲਯੂ ਬੀ ਆਰ ਵੱਲੋਂ ਸਿਫ਼ਾਰਿਸ਼ ਕੀਤੀਆਂ ਕਣਕ ਦੀਆਂ ਕਿਸਮਾਂ

ਜਿਵੇਂ ਕਿ ਅਕਤੂਬਰ ਦੇ ਚੌਥੇ ਹਫ਼ਤੇ ਤੋਂ ਕਣਕ ਦੀ ਬਿਜਾਈ ਸ਼ੁਰੂ ਹੋ ਜਾਏਗੀ ਤਾਂ ਭਾਰਤ ਦੀ ਪ੍ਰਮੁਖ ਖੇਤੀਬਾੜੀ ਖੋਜ ਸੰਸਥਾ ਭਾਰਤੀ ਕਣਕ ਅਤੇ ਜੌਂ ਖੋਜ ਸੰਸਥਾ (ਆਈ ਆਈ ਡਬਲਯੂ ਬੀ ਆਰ), ਕਰਨਾਲ ਵੱਲੋਂ ਵਿਕਸਿਤ ਕਣਕ ਦੀਆਂ ਕੁਝ ਨਵੀਨਤਮ ਕਿਸਮਾਂ 'ਤੇ ਇੱਕ ਨਜ਼ਰ ਪਾਉਂਦੇ ਹਾਂ। ਆਈ ਆਈ ਡਬਲਯੂ ਬੀ ਆਰ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਤਹਿਤ ਖੇਤੀਬਾੜੀ ਖੋਜ ਪਰਿਸ਼ਦ (ਆਈ ਸੀ ਏ ਆਰ), ਨਵੀਂ ਦਿੱਲੀ ਦਾ ਇੱਕ ਹਿੱਸਾ ਹੈ।

## ਕਰਨ ਨਰੇਂਦਰ (ਡੀ ਬੀ ਡਬਲਯੂ 222)

ਇਹ ਕਿਸਮ ਦੀ ਬਿਜਾਈ ਦੀ ਸਿਫ਼ਾਰਿਸ਼ ਭਾਰਤ ਦੇ ਉੱਤਰ-ਪੱਛਮੀ ਮੈਦਾਨੀ ਖੇਤਰਾਂ (ਐਨ ਡਬਲਯੂ ਪੀ ਜ਼ੈਡ) ਲਈ ਕੀਤੀ ਗਈ ਹੈ, ਜਿਸ ਵਿੱਚ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ (ਕੋਟਾ ਅਤੇ ਉਦੈਪੁਰ ਮੰਡਲਾਂ ਨੂੰ ਛੱਡ ਕੇ), ਪੱਛਮੀ ਉੱਤਰ ਪ੍ਰਦੇਸ਼ (ਝਾਂਸੀ ਮੰਡਲ ਨੂੰ ਛੱਡ ਕੇ), ਜੰਮੂ ਅਤੇ ਕਸ਼ਮੀਰ ਦੇ ਜੰਮੂ ਅਤੇ ਕਠੂਆ ਜ਼ਿਲ੍ਹੇ, ਹਿਮਾਚਲ ਪ੍ਰਦੇਸ਼ ਦਾ ਊਨਾ ਜ਼ਿਲ੍ਹਾ ਅਤੇ ਸਿਰਮੌਰ ਜ਼ਿਲ੍ਹੇ ਦੀ ਪਾਉਂਟਾ ਘਾਟੀ ਅਤੇ ਉੱਤਰਾਖੰਡ ਦਾ ਤਰਾਈ ਖੇਤਰ ਸ਼ਾਮਿਲ ਹਨ।

ਸਮੇਂ ਸਿਰ ਬੀਜੇ, ਸੇਂਜੂ ਹਾਲਾਤ ਲਈ

### ਪ੍ਰਮੁੱਖ ਵਿਸ਼ੇਸ਼ਤਾਵਾਂ

- ਬੀਜ ਪੈਦਾਵਾਰ: 61.3 ਕੁਇੰਟਲ/ਹੈਕਟੇਅਰ (24.52 ਕੁਇੰਟਲ/ਏਕੜ)

- ਸੰਭਾਵੀ ਪੈਦਾਵਾਰ: 82.1 ਕੁਇੰਟਲ/ਹੈਕਟੇਅਰ (32.84 ਕੁਇੰਟਲ/ਏਕੜ)
- ਪੌਦੇ ਦੀ ਉਚਾਈ: 103 ਸੈਂਟੀਮੀਟਰ (98-108 ਸੈਂਟੀਮੀਟਰ)
- ਵਾਢੀ ਲਈ ਤਿਆਰ (ਦਿਨਾਂ ਵਿੱਚ): 143 (139-150)

ਭੂਰੀ ਕੁੰਗੀ ਦਾ ਟਾਕਰਾ; ਪੀਲੀ ਕੁੰਗੀ ਦਾ ਦਰਮਿਆਨਾ ਟਾਕਰਾ; ਦੇਰ ਨਾਲ ਬਿਜਾਈ ਕਰਨ 'ਤੇ ਫ਼ਸਲ ਦੀ ਪੈਦਾਵਾਰ ਵਿੱਚ ਸਿਰਫ 18.4% ਦੀ ਕਮੀ ਦਰਜ ਕੀਤੀ ਗਈ; ਰੋਟੀ ਦਾ ਗੁਣਵੱਤਾ ਸੂਚਕ (7.5/10); ਬ੍ਰੈਡ ਦਾ ਗੁਣਵੱਤਾ ਸੂਚਕ 8.24 ਅਤੇ ਬਿਸਕੁਟ ਫੈਲਾਅ ਕਾਰਕ 8.45 ਦਰਜ ਕੀਤਾ ਗਿਆ।

## ਕਰਨ ਵੰਦਨਾ (ਡੀ ਬੀ ਡਬਲਯੂ 187) ਉੱਤਰ-ਪੱਛਮੀ ਮੈਦਾਨੀ ਖੇਤਰਾਂ ਦੇ ਲਈ

ਭਾਰਤ ਦੇ ਉੱਤਰ-ਪੱਛਮੀ ਮੈਦਾਨੀ ਖੇਤਰਾਂ (ਐਨ ਡਬਲਯੂ ਪੀ ਜ਼ੈਡ) ਵਿੱਚ ਬਿਜਾਈ ਲਈ ਜਿਸ ਵਿੱਚ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ (ਕੋਟਾ ਅਤੇ ਉਦੈਪੁਰ ਮੰਡਲਾਂ ਨੂੰ ਛੱਡ ਕੇ), ਪੱਛਮੀ ਉੱਤਰ ਪ੍ਰਦੇਸ਼ (ਝਾਂਸੀ ਮੰਡਲ ਨੂੰ ਛੱਡ ਕੇ), ਜੰਮੂ ਅਤੇ ਕਸ਼ਮੀਰ ਦੇ ਜੰਮੂ ਅਤੇ ਕਠੂਆ ਜ਼ਿਲ੍ਹੇ, ਹਿਮਾਚਲ ਪ੍ਰਦੇਸ਼ ਦਾ ਊਨਾ ਜ਼ਿਲ੍ਹਾ ਅਤੇ ਸਿਰਮੌਰ ਜ਼ਿਲ੍ਹੇ ਦੀ ਪਾਉਂਟਾ ਘਾਟੀ ਅਤੇ ਉੱਤਰਾਖੰਡ ਦਾ ਤਰਾਈ ਖੇਤਰ ਸ਼ਾਮਿਲ ਹਨ।

ਸਮੇਂ ਸਿਰ ਬੀਜੇ, ਸੇਂਜੂ ਹਾਲਾਤ ਲਈ

### ਪ੍ਰਮੁੱਖ ਵਿਸ਼ੇਸ਼ਤਾਵਾਂ

- ਬੀਜ ਪੈਦਾਵਾਰ: 61.8 ਕੁਇੰਟਲ/ਹੈਕਟੇਅਰ (24.72 ਕੁਇੰਟਲ/ਏਕੜ)
- ਸੰਭਾਵੀ ਪੈਦਾਵਾਰ: 96.6 ਕੁਇੰਟਲ/ਹੈਕਟੇਅਰ (38.64 ਕੁਇੰਟਲ/ਏਕੜ)
- ਪੌਦੇ ਦੀ ਉਚਾਈ: 105 ਸੈਂਟੀਮੀਟਰ
- ਵਾਢੀ ਲਈ ਤਿਆਰ (ਦਿਨਾਂ ਵਿੱਚ): 148 (139-157)

ਅਗੇਤੀ ਬਿਜਾਈ ਦੇ ਲਈ ਲਾਗਤਾਂ ਦੇ ਨਾਲ ਕਣਕ ਦੀ ਢੁੱਕਵੀਂ ਕਿਸਮ; ਧਾਰੀਆਂ ਵਾਲੀ ਅਤੇ ਪੱਤਿਆਂ ਦੀ ਕੁੰਗੀ ਦਾ ਟਾਕਰਾ; ਬਲਾਸਟ ਰੋਗ ਦੇ ਟਾਕਰੇ ਲਈ ਵੱਧ ਯੋਗਤਾ; ਕਰਨਾਲ ਬੰਟ ਦਾ ਦਰਮਿਆਨਾ ਟਾਕਰਾ ਅਤੇ ਸਿੱਟੇ ਦੀ ਕਾਂਗਿਆਰੀ ਨੂੰ ਬਰਦਾਸ਼ਤ ਕਰ ਸਕਦੀ ਹੈ; ਵੱਧ 1,000-ਦਾਣਾ ਭਾਰ (44 ਗ੍ਰਾਮ); ਰੋਟੀ ਬਣਾਉਣ ਲਈ ਚੰਗਾ ਸੂਚਕ (7.7); ਬ੍ਰੈਡ ਦੀ ਵੱਧ ਮਾਤਰਾ (648); ਵੱਧ ਪ੍ਰੋਟੀਨ (11.6%)।

**ਕਰਨ ਵੰਦਨਾ (ਡੀ ਬੀ ਡਬਲਯੂ 187) ਉੱਤਰ-ਪੂਰਬੀ ਮੈਦਾਨੀ ਖੇਤਰਾਂ ਦੇ ਲਈ**

ਉੱਤਰ-ਪੂਰਬੀ ਮੈਦਾਨੀ ਖੇਤਰਾਂ (ਐਨ ਈ ਪੀ ਜ਼ੈਡ) ਲਈ, ਜਿਸ ਵਿੱਚ ਪੂਰਬੀ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਉੜੀਸਾ, ਪੱਛਮੀ ਬੰਗਾਲ, ਅਸਾਮ ਅਤੇ ਉੱਤਰ-ਪੂਰਬੀ ਰਾਜਾਂ ਦੇ ਮੈਦਾਨ ਸ਼ਾਮਿਲ ਹਨ।

ਸਮੇਂ ਸਿਰ ਬੀਜੇ, ਸੇਂਜੂ ਹਾਲਾਤ ਲਈ

**ਪ੍ਰਮੁੱਖ ਵਿਸ਼ੇਸ਼ਤਾਵਾਂ**

- ਬੀਜ ਪੈਦਾਵਾਰ: 48.8 ਕੁਇੰਟਲ/ਹੈਕਟੇਅਰ (19.52 ਕੁਇੰਟਲ/ਏਕੜ)
- ਸੰਭਾਵੀ ਪੈਦਾਵਾਰ: 64.7 ਕੁਇੰਟਲ/ਹੈਕਟੇਅਰ (25.88 ਕੁਇੰਟਲ/ਏਕੜ)
- ਪੌਦੇ ਦੀ ਉਚਾਈ: 100 ਸੈਂਟੀਮੀਟਰ
- ਵਾਢੀ ਲਈ ਤਿਆਰ (ਦਿਨਾਂ ਵਿੱਚ): 120 (110-140)

ਵਧੀਆ ਬਿਸਕੁਟ ਫੈਲਾਅ ਕਾਰਕ (8.6 ਸੈਂਟੀਮੀਟਰ); ਵੱਧ ਲੋਹ ਮਾਤਰਾ (43.1 ਪੀ ਪੀ ਐਮ); ਪੀਲੀ ਅਤੇ ਭੂਰੀ ਕੁੰਗੀ ਦਾ ਟਾਕਰਾ; ਪੱਤਿਆਂ ਦੇ ਝੁਲਸ ਰੋਗ ਅਤੇ ਬਲਾਸਟ ਰੋਗ ਦਾ ਟਾਕਰਾ; ਕਰਨਾਲ ਬੰਟ ਰੋਗ ਦਾ ਦਰਮਿਆਨਾ ਟਾਕਰਾ ਅਤੇ ਸਿੱਟੇ ਦੀ ਕਾਂਗਿਆਰੀ ਨੂੰ ਬਰਦਾਸ਼ਤ ਕਰ ਸਕਦੀ ਹੈ।

## ਕਰਨ ਸ਼੍ਰਿਆ (ਡੀ ਬੀ ਡਬਲਯੂ 252)

ਇਹ ਕਿਸਮ ਦੀ ਸਿਫ਼ਾਰਿਸ਼ ਉੱਤਰ-ਪੂਰਬੀ ਮੈਦਾਨੀ ਖੇਤਰਾਂ ਲਈ ਕੀਤੀ ਗਈ ਹੈ, ਜਿਸ ਵਿੱਚ ਪੂਰਬੀ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਉੜੀਸਾ, ਪੱਛਮੀ ਬੰਗਾਲ, ਅਸਾਮ ਅਤੇ ਉੱਤਰ-ਪੂਰਬੀ ਰਾਜਾਂ ਦੇ ਮੈਦਾਨ ਸ਼ਾਮਿਲ ਹਨ।

ਸਮੇਂ ਸਿਰ ਬੀਜੇ, ਸੇਂਜੂ ਹਾਲਾਤ ਲਈ

### ਪ੍ਰਮੁੱਖ ਵਿਸ਼ੇਸ਼ਤਾਵਾਂ

- ਬੀਜ ਪੈਦਾਵਾਰ: 37 ਕੁਇੰਟਲ/ਹੈਕਟੇਅਰ (13.86 ਕੁਇੰਟਲ/ਏਕੜ)
- ਸੰਭਾਵੀ ਪੈਦਾਵਾਰ: 55.6 ਕੁਇੰਟਲ/ਹੈਕਟੇਅਰ (22.24 ਕੁਇੰਟਲ/ਏਕੜ)
- ਪੌਦੇ ਦੀ ਉਚਾਈ: 98 ਸੈਂਟੀਮੀਟਰ (97-99 ਸੈਂਟੀਮੀਟਰ)
- ਵਾਢੀ ਲਈ ਤਿਆਰ (ਦਿਨਾਂ ਵਿੱਚ): 127 (125-130)

ਕਣਕ ਦੇ ਬਲਾਸਟ ਰੋਗ ਦਾ ਵੱਧ ਟਾਕਰਾ ਕਰਦੀ ਹੈ (ਔਸਤ 2.5%); ਸੋਕੇ ਲਈ ਇਸਦਾ ਸੰਵੇਦਨਸ਼ੀਲਤਾ ਸੂਚਕ ਅੰਕ 0.74 ਹੈ।

## ਡੀ ਡੀ ਡਬਲਯੂ 47 ਡਿਊਰਮ (ਵਡਾਣਕ)

ਮੱਧ ਖੇਤਰ (ਸੀ ਜ਼ੈਡ) ਵਿੱਚ ਬਿਜਾਈ ਦੇ ਲਈ ਇਹ ਡਿਊਰਮ (ਵਡਾਣਕ) ਕਿਸਮ ਦੀ ਸਿਫ਼ਾਰਿਸ਼ ਕੀਤੀ ਗਈ ਹੈ, ਜਿਸ ਵਿੱਚ ਮੱਧ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਰਾਜਸਥਾਨ ਦੇ ਕੋਟਾ ਅਤੇ ਉਦੈਪੁਰ ਮੰਡਲ ਅਤੇ ਉੱਤਰ ਪ੍ਰਦੇਸ਼ ਦਾ ਝਾਂਸੀ ਮੰਡਲ) ਸ਼ਾਮਿਲ ਹਨ।

ਸਮੇਂ ਸਿਰ ਬੀਜੇ, ਸੇਂਜੂ ਹਾਲਾਤ ਲਈ

## ਪ੍ਰਮੁੱਖ ਵਿਸ਼ੇਸ਼ਤਾਵਾਂ

- ਬੀਜ ਪੈਦਾਵਾਰ: 37.3 ਕੁਇੰਟਲ/ਹੈਕਟੇਅਰ (14.92 ਕੁਇੰਟਲ/ਏਕੜ)
- ਸੰਭਾਵੀ ਪੈਦਾਵਾਰ: 74.1 ਕੁਇੰਟਲ/ਹੈਕਟੇਅਰ (29.67 ਕੁਇੰਟਲ/ਏਕੜ)
- ਪੌਦੇ ਦੀ ਉਚਾਈ: 84 ਸੈਂਟੀਮੀਟਰ (83-85 ਸੈਂਟੀਮੀਟਰ)
- ਵਾਢੀ ਲਈ ਤਿਆਰ (ਦਿਨਾਂ ਵਿੱਚ): 121 (118-121)

7.57 ਪੀ ਪੀ ਐਮ ਦੀ ਉੱਚ ਪੀਲੇ ਰੰਗ ਦੀ ਮਾਤਰਾ; ਉੱਚ ਮੰਨਣਯੋਗ ਸੂਚਕ (7.9) ਦੇ ਨਾਲ ਚੰਗੀ ਗੁਣਵੱਤਾ ਵਾਲੇ ਪਾਸਤਾ ਲਈ ਢੁੱਕਵਾਂ।

## ਵੇਰਵਿਆਂ ਲਈ, ਕਿਸਾਨ ਫੋਨ ਕਰ ਸਕਦੇ ਹਨ

ਆਈ ਆਈ ਡਬਲਯੂ ਬੀ ਆਰ ਟੋਲ ਫ੍ਰੀ ਨੰਬਰ: 1800-180-1891

ਸਮਾਂ (ਸੋਮਵਾਰ ਤੋਂ ਸਨਿੱਚਰਵਾਰ): ਸਵੇਰੇ 9.30 ਤੋਂ ਦੁਪਹਿਰ 1 ਵਜੇ ਤੱਕ, ਅਤੇ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ

ਕੌਮੀ ਛੁੱਟੀਆਂ, ਐਤਵਾਰ ਅਤੇ ਹਰ ਦੂਜੇ ਸਨਿੱਚਰਵਾਰ ਨੂੰ ਬੰਦ